# ਸਿਰਮੌਰ ਕੁਰਬਾਨੀ ਦਾ ਸੰਕਲਪ ਨਾਟਕ 'ਸੀਸ ਤਲੀ 'ਤੇ'

ਪਿਛਲੇ ਕੁਝ ਦਿਨ ਮੇਰਾ ਬਹੁਤ ਸਾਰਾ ਸਮਾਂ ਅਤੇ ਸੋਚ ਵੀ ਨਾਟਕ 'ਸੀਸ ਤਲੀ 'ਤੇ' ਨਾਲ ਜੁੜੀ ਰਹੀ। ਇਹ ਨਾਟਕ 1, 2 ਅਕਤੂਬਰ ਨੂੰ ਚੰਡੀਗੜ੍ਹ 'ਚ ਖੇਡਿਆ ਗਿਆ ਹੈ ਅਤੇ 4 ਅਕਤੂਬਰ ਨੂੰ ਦਿੱਲੀ ਪੰਜਾਬੀ ਅਕੈਡਮੀ ਦਿੱਲੀ ਦੇ ਪੰਜਾਬੀ ਨਾਟਕ ਉਤਸਵ 'ਤੇ ਖੇਡਣਾ ਤੈਅ ਪਾਇਆ ਹੈ। ਇਹ 70 ਮਿੰਟਾਂ ਵਿਚ ਖੇਡਿਆ ਜਾਣ ਵਾਲਾ ਪੂਰਾ ਨਾਟਕ ਹੈ। ਮੈਂ ਇਹ ਨਾਟਕ ਅੱਜ ਤੋਂ 15 ਸਾਲ ਪਹਿਲਾਂ ਲਿਖਿਆ ਸੀ। ਉਸ ਵੇਲੇ ਬੱਬਰ ਅਕਾਲੀ ਲਹਿਰ ਮੇਰੀ ਪ੍ਰੇਰਨਾ ਸਰੋਤ ਸੀ। ਮੈਂ ਉਸ ਲਹਿਰ ਦੀ ਦਰਸ਼ਕਾਂ ਨੂੰ ਨੇੜੇ ਦੀ ਪਹਿਚਾਣ ਕਰਵਾਉਣਾ ਚਾਹੁੰਦਾ ਸੀ ਪਰ ਅੱਜ ਮੇਰੇ ਸਾਹਮਣੇ ਨਾਟਕ ਖੇਡਣ ਦਾ ਮੰਤਵ ਭਾਰਤ ਵਿਚ ਚੱਲ ਰਹੇ ਵਰਤਾਰੇ 'ਚ ਆਈ ਗਿਰਾਵਟ ਨੂੰ ਸੰਬੋਧਨ ਹੋਣਾ ਹੈ, ਜੋ ਇਕ ਤ੍ਰਾਸਦੀ ਵੀ ਹੈ। ਇਹ ਤ੍ਰਾਸਦੀ ਹੈ 'ਦੇਸ਼ ਭਗਤੀ' ਦੀ ਆਤਮਾ ਦਾ ਖਤਮ ਹੋ ਜਾਣਾ ਜਾਂ ਦੇਸ਼ ਭਗਤੀ ਨੂੰ ਇਕ ਸੌੜੇ ਦਾਇਰੇ ਵਿਚ ਮਹਿਦੂਦ ਕਰ ਦੇਣਾ।

ਸਮਾਂ ਸੀ ਅਤੇ ਇਹ ਬਹੁਤਾ ਚਿਰ ਨਹੀਂ ਹੋਇਆ ਜਦੋਂ ਸਾਧਾਰਨ ਦੇਸ਼ਵਾਸੀ ਦੇਸ਼ ਬਾਰੇ ਸੋਚਦਾ ਸੀ, ਸਮਾਜ ਬਾਰੇ ਸੋਚਦਾ ਸੀ ਪਰ ਅੱਜ ਦੇ ਖਪਤ ਯੁੱਗ ਵਿਚ ਸਭ ਕੁਝ ਨਿੱਜ ਦੇ ਦੁਆਲੇ ਸੁਆਰਥ ਲਈ ਹੀ ਹੁੰਦਾ ਦਿਸਦਾ ਹੈ। ਸਿਆਸਤ 'ਚ ਆਈ ਭ੍ਰਿਸ਼ਟਤਾ ਅਤੇ ਬੇਈਮਾਨੀ ਨੇ ਬਿਲਕੁਲ ਹੀ ਸਾਧਾਰਨ ਮਨੁੱਖ ਨੂੰ ਨਿਰਾਸ਼ ਕਰ ਦਿੱਤਾ ਹੈ। ਸੀਸ ਤਲੀ 'ਤੇ ਸਿਰਮੌਰ ਕੁਰਬਾਨੀ ਦਾ ਸੰਕਲਪ ਹੈ। ਇਸ ਦੀ ਗੱਲ ਵਾਰ ਵਾਰ ਹੋਣੀ ਜ਼ਰੂਰੀ ਹੈ। ਫਿਲਮ ਅਤੇ ਨਾਟਕ ਇਸ ਦੇ ਲਈ ਸਾਰਿਆਂ ਨਾਲੋਂ ਸ਼ਕਤੀਸ਼ਾਲੀ ਵਿਧਾਵਾਂ ਹਨ। ਨਾਟਕ 'ਸੀਸ ਤਲੀ 'ਤੇ' ਦੀ ਗੱਲ ਇਸ ਮੰਤਵ ਲਈ ਕਰਨੀ ਬਣਦੀ ਹੈ।

ਇਹ ਨਾਟਕ ਕੁੰਦਨ ਸਿੰਘ ਨਾਮੀ ਇਕ ਸਾਬਕਾ ਫੌਜੀ ਦੀ ਕਹਾਣੀ ਹੈ ਜੋ ਫੌਜ ਵਿਚੋਂ ਨਾਵਾਂ ਕਟਵਾ ਕੇ ਬੱਬਰ ਲਹਿਰ 'ਚ ਸ਼ਾਮਲ ਹੁੰਦਾ ਹੈ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਦੀ ਕੁਰਬਾਨੀ ਦਿੰਦਾ ਹੈ। ਨਾਟਕ ਜੋ 1923-26 ਦੌਰਾਨ ਪੰਜਾਬ ਵਿਚ ਉੱਠੀ ਬੱਬਰ ਅਕਾਲੀ ਲਹਿਰ ਨਾਲ ਸਬੰਧਤ ਹੈ ਨਾਟਕ ਕਲਾ 'ਚ ਉਹ ਮਿਸਾਲ ਹੈ, ਜਦੋਂ ਕਿਸੇ ਲਹਿਰ ਦੇ ਬਾਰੇ ਦਰਸ਼ਕਾਂ ਨਾਲ ਸਾਂਝ ਪਾਉਣੀ ਹੁੰਦੀ ਹੈ ਅਤੇ ਨਾਟਕਕਾਰ ਨੇ ਟਿੱਪਣੀਆਂ ਅਤੇ ਬਿਆਨਾਂ ਰਾਹੀਂ ਆਪਣੇ ਵਿਚਾਰ ਦਰਸ਼ਕਾਂ ਨੂੰ ਦੱਸਣੇ ਹੁੰਦੇ ਹਨ। ਨਾਟਕ ਦਾ ਆਰੰਭ ਹੀ ਦਰਸ਼ਕਾਂ ਨੂੰ ਨਾਟਕ ਨਾਲ ਜੋੜਦਾ ਹੈ। ਸਰਕਾਰੀ ਢੰਡੋਰਾ ਦਿੱਤਾ ਜਾ ਰਿਹਾ ਹੈ...

'ਸੁਣੋ ਸੁਣੋ, ਹੁਕਮ ਬਾਦਸ਼ਾਹ ਦਾ, ਖਲਕਤ ਖੁਦਾ ਦੀ

ਐਲਾਨ ਸਰਕਾਰ ਦਾ...ਹੁਸ਼ਿਆਰਪੁਰ ਤੋਂ ਗੜ੍ਹਦੀਵਾਲ ਵਾਲੀ ਸੜਕ 'ਤੇ ਲੱਗੇ ਅੰਬਾਂ ਦਾ ਠੇਕਾ ਹੋਵੇਗਾ ... ਜਿਸ ਨੇ ਵੀ ਇਹ ਠੇਕਾ ਲੈਣਾ ਹੋਵੇ, ਉਹ ਬੋਲੀ ਵਾਲੀ ਥਾਂ 'ਤੇ ਪੁੱਜ ਜਾਵੇ।....

ਬੱਬਰਾਂ ਦੀ ਅਵਾਜ਼ ਆਂਦੀ ਹੈ :

ਸੁਣੋ ਸੁਣੋ ਅਵਾਜ਼ ਲੋਕਾਂ ਦੀ, ਰਜ਼ਾ ਰੱਬ ਦੀ,

ਐਲਾਨ ਬੱਬਰਾਂ ਦਾ, ਕੋਈ ਵੀ ਹੋਣ ਵਾਲੀ ਬੋਲੀ ਤੇ ਬੋਲੀ ਨਾ ਦੇਵੇ, ਜਿਸ ਨੇ ਵੀ ਬੋਲੀ ਦਿੱਤੀ, ਉਹਨੂੰ ਸਰਕਾਰ ਦਾ ਏਜੰਟ ਸਮਝ ਕੇ ਸੋਧ ਦਿੱਤਾ ਜਾਵੇਗਾ.......ਇਹ ਸੱਤ ਸਮੁੰਦਰੋਂ ਪਾਰ ਆਏ ਲੋਕ ਸਾਡੇ ਹੀ ਅੰਬਾਂ ਦੀ ਬੋਲੀ ਦੇਣ ਵਾਲੇ ਕੌਣ ਨੇ? ਇਹ ਧਰਤੀ ਸਾਡੀ ਹੈ, ਇਹਦੇ ਰੁੱਖ ਸਾਡੇ ਨੇ, ਇਨ੍ਹਾਂ ਦੀਆਂ ਛਾਵਾਂ ਸਾਡੀਆਂ ਨੇ, ਇਨ੍ਹਾਂ ਦੀਆਂ ਹਵਾਵਾਂ ਸਾਡੀਆਂ ਨੇ...ਕੋਈ ਵੀ ਬੋਲੀ ਨਾ ਦੇਵੇ।

ਇਹ ਦੋ ਐਲਾਨ ਹੀ ਬੱਬਰ ਲਹਿਰ ਬਾਰੇ ਨਾਟਕ ਦੀ ਰੂਹ ਹਨ। ਸਾਡੇ ਅਵਾਮੀ ਅੰਦੋਲਨਾਂ 'ਚ ਸਾਡੀਆਂ ਇਸਤਰੀਆਂ ਨੇ ਹਮੇਸ਼ਾਂ ਇਕ ਵੱਡੀ ਭੂਮਿਕਾ ਨਿਭਾਈ ਹੈ। ਕੁੰਦਨ ਸਿੰਘ ਘਰੋਂ ਜਾਣ ਦੀ ਤਿਆਰੀ ਵਿਚ ਹੈ। ਉਹ ਆਪਣੀ ਵਹੁਟੀ ਦੇ ਇਕ ਸਵਾਲ ਦੇ ਜਵਾਬ ਵਿਚ ਕਹਿੰਦਾ ਹੈ :

## ਕਲਾ ਤੇ ਜ਼ਿੰਦਗੀ

**ਗੁਰਸ਼ਰਨ ਸਿੰਘ**



-ਰਤਨੀਏ, ਮੈਂ ਤੈਨੂੰ ਇਹ ਨਹੀਂ ਦੱਸ ਸਕਦਾ ਕਿ ਮੈਂ ਕਿੱਥੇ ਜਾ ਰਿਹਾ ਹਾਂ। ਸਾਡੀ ਫੌਜ ਦਾ ਡਸਿਪਲਨ ਏ ਕਿ ਕਿਸੇ ਨੂੰ ਨਹੀਂ ਦੱਸਣਾ ਤੇ ਖਾਸ ਕਰਕੇ ਔਰਤਾਂ ਬਾਰੇ ਤਾਂ ਮਸ਼ਹੂਰ ਏ ਕਿ ਉਹ ਕੋਈ ਭੇਤ ਦਿਲ ਵਿਚ ਨਹੀਂ ਰੱਖ ਸਕਦੀਆਂ।

-ਇਹ ਵੀ ਤਾਂ ਮਰਦਾਂ ਨੇ ਮਸ਼ਹੂਰ ਕੀਤਾ ਹੋਇਆ ਉਹ ਕੀ ਜਾਣਨ ਕਿ ਕਿੰਨੇ ਹੀ ਭੇਤ ਨੇ ਜਿਹੜੇ ਔਰਤ ਉਮਰ ਭਰ ਸੀਨੇ ਵਿਚ ਲੁਕਾ ਕੇ ਰੱਖਦੀ ਹੈ ਤੇ ਉਨ੍ਹਾਂ ਨੂੰ ਨਾਲ ਲੈ ਕੇ ਮਰ ਜਾਂਦੀ ਹੈ, ਪਰ ਸਾਰੀ ਉਮਰ ਜ਼ੁਬਾਨ ਨਹੀਂ ਖੋਲਦੀ।

ਮਰਦ ਇਕ ਜੰਗ ਲੜਦੇ ਨੇ ਤੇ ਛਾਤੀਆਂ 'ਤੇ ਤਮਗੇ ਲਗਾ ਲੈਂਦੇ ਨੇ, ਪਰ ਉਨ੍ਹਾਂ ਨੂੰ ਕੀ ਪਤਾ ਜਦੋਂ ਜੰਗ ਲੜੀ ਜਾ ਰਹੀ ਹੁੰਦੀ ਹੈ ਤਾਂ ਇਕ ਔਰਤ ਨੂੰ ਕੀ ਕੀ ਕੁਰਬਾਨੀਆਂ ਕਰਨੀਆਂ ਪੈਂਦੀਆਂ ਨੇ....।...ਜੇ ਇਸ ਧਰਤੀ ਦੇ ਪੁੱਤਾਂ ਨੇ ਸੂਰਮਗਤੀ ਦੀਆਂ ਰਵਾਇਤਾਂ ਪਾਈਆਂ ਨੇ ਤਾਂ ਇਤਿਹਾਸ ਵਿਚ ਇਸ ਧਰਤੀ ਦੀਆਂ ਧੀਆਂ ਵੀ ਕਿਸੇ ਨਾਲੋਂ ਪਿੱਛੇ ਨਹੀਂ ਰਹੀਆਂ...।

ਬੱਬਰਾਂ ਦੇ ਹੱਥੋਂ ਰਾਣੀਪੁਰ ਦੇ ਜ਼ੈਲਦਾਰ ਦਾ ਕਤਲ ਹੁੰਦਾ ਹੈ। ਇਹ ਇਕ ਇਤਿਹਾਸਕ ਘਟਨਾ ਹੈ। ਅੰਗਰੇਜ਼ਾਂ ਦੀ ਨੀਤੀ ਇਹ ਸੀ ਕਿ ਉਹ ਇਨਾਮ ਦੇ ਲਾਲਚ ਵਿਚ ਮੁਖਬਰ ਪੈਦਾ ਕਰਨ। ਗਦਰ ਲਹਿਰ ਵੇਲੇ ਵੀ ਇਨ੍ਹਾਂ ਮੁਖਬਰਾਂ ਨੇ ਦੇਸ਼ ਧ੍ਰੋਹੀ ਦੀ ਭੂਮਿਕਾ ਨਿਭਾਈ ਸੀ। ਇਨ੍ਹਾਂ ਮੁਖਬਰਾਂ ਦਾ ਕਿਰਦਾਰ ਕੀ ਹੁੰਦਾ ਹੈ, ਨਾਟਕ ਵਿਚ ਇਸ ਦਾ ਜ਼ਿਕਰ ਇਕ ਮੁਖਬਰ, ਜਿਹੜਾ ਰਾਣੀਪੁਰ ਦਾ ਜ਼ੈਲਦਾਰ ਵੀ ਹੈ, ਦੀ ਆਪਣੀ ਜ਼ਬਾਨੀ ਹੈ :

ਮੈਂ ਹਾਂ ਰਾਣੀਪੁਰ ਦਾ ਜ਼ੈਲਦਾਰ
ਇਲਾਕੇ ਦਾ ਹਾਂ ਇੱਜ਼ਤਦਾਰ
ਅੰਗਰੇਜ਼ ਦਾ ਹਾਂ ਵਫਾਦਾਰ
ਹਰ ਗੱਲ ਦੀ ਮੈਂ ਸੂਹ ਹਾਂ ਰੱਖਦਾ
ਸਰਕਾਰ ਹੈ ਚਲਦੀ ਮੇਰੇ ਦਮ
ਜਗੀਰਾਂ ਦਾ ਹਾਂ ਮਾਲਕ
ਸਰਕਾਰ ਦਾ ਹਾਂ ਮੈਂ ਵੱਡਾ ਥੰਮ੍ਹ
ਚਿੱਟੀ ਪਗੜੀ ਸਿਰ 'ਤੇ ਰੱਖਦਾ
ਟਾਊਟੀ ਕਰਨੀ ਮੇਰਾ ਕੰਮ
ਝੋਲੀ-ਚੁੱਕਣਾ ਹੈ ਮੇਰਾ ਪੇਸ਼ਾ
ਲੋਕੀਂ ਆਖਣ ਮੈਨੂੰ ਜਮ
ਮੈਨੂੰ ਨਹੀਂ ਪਰ ਇਸ ਦਾ ਗ਼ਮ
ਮੈਨੂੰ ਪਿਆਰਾ ਆਪਣਾ ਚੰਮ।

ਬੱਬਰ ਲਹਿਰ ਨੇ ਅੰਗਰੇਜ਼ ਸਰਕਾਰ ਨੂੰ ਜੋ ਭਾਜੜ ਪਾਈ ਇਹ ਅੰਗਰੇਜ਼ ਅਫਸਰ ਦੀ ਬੁਖਲਾਹਟ ਉਹ ਨੂੰ ਜ਼ਾਹਿਰ ਕਰਦੀ ਹੈ। ਉਹ ਪੁਲੀਸ ਇੰਸਪੈਕਟਰ ਨੂੰ ਸੰਬੋਧਨ ਹੈ :

ਦੁਰਗਾ ਦਾਸ, ਯੇਹ ਸਭ ਕੁਝ ਕਿਆ ਹੋ ਰਿਹਾ ਹੈ...

ਕੁਛ ਬੱਬਰ ਲੋਕ ਹਮਾੜੇ ਕਾਬੂ ਨਹੀਂ ਆ ੜਹਾ ਬੱਬਰ ਕੀ ਪਾਰਟੀ ਬਹੁਤ ਬੜ ਗਿਆ ਹੈ ਤੁਮ ਤੋ ਯੇਹ ਕਹਿਤਾ ਥਾ ਕਿ ਯੇਹ ਸਿਰਫ ਪਚਾਸ ਸਾਠ ਕੀ ਗਿਣਤੀ ਮੇਂ ਹੈ, ਮਗਰ ਹਮੇਂ ਦਿਖਾਈ ਦੇਤਾ ਹੈ ਕਿ ਦੁਆਬਾ ਕਾ ਸਾਰਾ ਇਲਾਕਾ

ਬੱਬਰ ਹੋ ਗਿਆ...ਤੁਮ ਜਾਓ ਬੱਬਰ ਕੋ ਦਬਾਓ, ਹਮ ਟੁਮ ਕੋ ਇਨਾਮ

ਡੇਗਾ, ਮੁਰੱਬਾ ਡੇਗਾ, ਜਾਗੀਰ ਡੇਗਾ....

ਜਾਓ.... ਜਾਓ....

ਨਾਟਕ 'ਚ ਇਕ ਉਹ ਵੀ ਦ੍ਰਿਸ਼ ਹੈ, ਜਦੋਂ ਪੁਲੀਸ ਕੁੰਦਨ ਸਿੰਘ ਬਾਰੇ ਪੁੱਛਗਿੱਛ ਕਰਦੀ ਉਹਦੀ ਵਹੁਟੀ ਨੂੰ ਸੱਥ ਵਿਚ ਘੜੀਸਦੀ ਹੈ। ਇਹ ਦ੍ਰਿਸ਼ ਅੱਜ ਦੀ ਸੱਚਾਈ ਵੀ ਹੈ ਤੇ ਇਹ ਗੱਲ ਦੱਸਦਾ ਹੈ ਕਿ ਅੰਗਰੇਜ਼ ਜਿਹੜਾ ਪੁਲੀਸ ਸਿਸਟਮ ਸਾਨੂੰ ਦੇ ਗਏ ਸਨ, ਉਹ ਹੁਣ ਵੀ ਕਾਇਮ ਹੈ :

ਦੱਸਦੀ ਏਂ ਕਿ ਨਹੀਂ, ਅਸੀਂ ਤੇਰੀ ਜਾਨ ਪੀ ਜਾਵਾਂਗੇ...ਸਾਨੂੰ ਸਾਡੇ ਸਾਹਿਬ ਦਾ ਹੁਕਮ ਹੈ-ਅਗਰ ਨਹੀਂ ਸਮਝਤਾ

ਤੋ ਉਨਕੇ ਬੁੱਢੋਂ ਕੀ ਦਾੜ੍ਹੀਆਂ ਖੀਂਚੋ..

ਉਨਕੀ ਔਰਤੋਂ ਕੋ ਨੰਗਾ ਕਰੋ....

ਇਸੇ ਦ੍ਰਿਸ਼ ਵਿਚ ਲੋਕ ਅਵਾਜ਼ ਵੀ ਉਚੀ ਹੁੰਦੀ ਹੈ, ਜਦੋਂ ਤਾਈ ਗੇਜੋ ਜਿਹੜੀ ਇਕ ਦੇਸ਼ ਭਗਤ ਦੀ ਵਿਧਵਾ ਹੈ, ਬੋਲਦੀ ਹੈ :

ਪਿੰਡ ਵਾਲਿਓ, ਤੁਸੀਂ ਬੋਲਦੇ ਕਿਉਂ ਨਹੀਂ

ਕਿੱਥੇ ਗਈ ਤੁਹਾਡੀ ਸੂਰਮਗਤੀ?

ਤੁਹਾਡੇ

ਸਾਹਮਣੇ ਪਿੰਡ ਦੀ ਧੀ ਭੈਣ ਨੂੰ ਖਵਾਰ ਕੀਤਾ ਜਾਵੇ ਤੇ ਤੁਸੀਂ ਮੂੰਹ ਵਿਚ ਘੁੰਗਣੀਆਂ

ਪਾ ਕੇ ਖਲੋਤੇ ਰਵ੍ਹੋ।

(ਥਾਣੇਦਾਰ ਨੂੰ ਸੰਬੋਧਨ ਹੋ ਕੇ) ਤੁਹਾਡੇ ਸਾਹਬਾਂ ਦੀ ਇਕ ਮੇਮ ਨੂੰ ਅੰਮ੍ਰਿਤਸਰ ਹਾਲ ਬਜ਼ਾਰ ਕਿਸੇ ਨੇ ਕੁਝ ਆਖਿਆ ਤਾਂ ਤੁਸੀਂ ਉਥੇ ਜਲ੍ਹਿਆਂਵਾਲਾ

ਬਾਗ ਬਣਾ ਦਿੱਤਾ, ਵਲੈਤ ਤਾਰਾਂ ਖੜਕ ਗਈਆਂ ਕਿ ਅੰਗਰੇਜ਼ ਦੀ ਔਰਤ ਦੀ ਇੱਜ਼ਤ ਨੂੰ ਹੱਥ ਪੈ ਗਿਆ ਏ...ਕੀ ਤੁਸੀਂ ਸਾਨੂੰ ਏਨਾ ਬੇਅਣਖਾ ਸਮਝਦੇ ਹੋ ਕਿ ਅਸੀਂ ਆਪਣੀਆਂ ਅੱਖਾਂ ਅੱਗੇ ਆਪਣੀਆਂ ਨੂੰਹਾਂ ਧੀਆਂ ਦੀ ਖਵਾਰੀ ਚੁਪਚਾਪ ਵੇਖਦੇ ਰਹੀਏ। ਅਸੀਂ ਬਰਦਾਸ਼ਤ ਨਹੀਂ ਕਰਾਂਗੇ।

ਨਾਟਕ ਦੇ ਆਖਰੀ ਦ੍ਰਿਸ਼ ਵਿਚ ਕੁੰਦਨ ਸਿੰਘ ਦੀ ਪੁਲੀਸ ਇੰਸਪੈਕਟਰ ਨਾਲ ਜੋ ਟੱਕਰ ਹੈ, ਉਹ ਦੇਸ਼ ਭਗਤੀ ਦੇ ਬੋਲਾਂ ਨਾਲ ਸਾਰੇ ਵਾਤਾਵਰਨ ਵਿਚ ਇਕ ਜੋਸ਼ ਭਰਦੀ ਹੈ। ਆਖਰੀ ਬੋਲ ਤਾਂ ਨਾਟਕ ਦਾ ਨਿਚੋੜ ਹਨ :

ਅਸੀਂ ਸੂਰਮੇ ਬੱਬਰ ਅਕਾਲੀ
ਜਿਨ੍ਹਾਂ ਦੀ ਮੌਤ ਨਾਲ ਭਿਆਲੀ
ਜਿੰਦ ਤਲੀ 'ਤੇ ਜਿਨ੍ਹਾਂ ਟਿਕਾਈ
ਕਰਕੇ ਹਿੰਦ ਗੋਰੇ ਤੋਂ ਖਾਲੀ
ਜਿਨ੍ਹਾਂ ਸਹੁੰ ਇਹ ਚੁਕਾਲੀ
ਅਸੀਂ ਸੂਰਮੇ ਬੱਬਰ ਅਕਾਲੀ।

11 ਸਤੰਬਰ ਨੂੰ ਦਹਿਸ਼ਤਗਰਦੀ ਦੀ ਜੋ ਵਿਸ਼ਵ ਘਟਨਾ ਵਾਪਰੀ ਹੈ, ਉਸ ਦੇ ਨਾਲ ਮਿਲਦੇ ਕੁਝ ਦਸਤਾਵੇਜ਼ ਮਿਲਦੇ ਹਨ ਦੀ ਜਿਨ੍ਹਾਂ ਵਿਚ ਉਹ ਲਿਖਤ ਸ਼ਾਮਲ ਹੈ ਜੋ ਦਹਿਸ਼ਤਗਰਦਾਂ ਨੇ ਆਪਣੇ ਅੱਲਾ ਨੂੰ ਸੰਬੋਧਨ ਕੀਤੀ ਸੀ। ਆਤਮਘਾਤੀ ਕਾਰਕੁੰਨਾਂ ਨੇ ਲਿਖਿਆ...

ਅੱਲਾ ਆਪਣੇ ਦਰਵਾਜ਼ੇ ਖੋਲ੍ਹ ਕੇ ਰੱਖੀਂ
ਅਸੀਂ ਤੇਰੇ ਕੋਲ (ਜੰਨਤ) ਵਿਚ
ਆ ਰਹੇ ਹਾਂ

ਇਨ੍ਹਾਂ ਲਈ ਜੰਨਤ ਇਕ ਪ੍ਰੇਰਨਾ ਹੋ ਸਕਦੀ ਹੈ। ਸਾਡੇ ਸ਼ਹੀਦਾਂ ਨੂੰ ਤਾਂ ਇਹ ਕੋਈ ਭੁਲੇਖਾ ਨਹੀਂ ਸੀ। ਉਹ ਤਾਂ ਸਿਰਫ ਦੇਸ਼ ਦੀ ਆਜ਼ਾਦੀ ਖਾਤਰ ਹੀ ਸ਼ਹੀਦ ਹੋਏ ਸਨ।

'ਸੀਸ ਤਲੀ 'ਤੇ' ਸਿਰਮੌਰ ਕੁਰਬਾਨੀ ਦਾ ਪ੍ਰਤੀਕ ਹੈ ਨਾਟਕ ਨੇ ਇਹ ਪੂਰੀ ਸ਼ਿੱਦਤ ਨਾਲ ਸਾਬਤ ਕੀਤਾ।

ਦੇਸ਼ ਭਗਤਾਂ ਨੂੰ ਲੱਖ ਲੱਖ ਪ੍ਰਣਾਮ ਕਰਨਾ ਬਣਦਾ ਹੈ। ਉਨ੍ਹਾਂ ਨੂੰ ਯਾਦ ਕਰਨਾ ਅੱਜ ਦੀ ਵੱਡੀ ਲੋੜ ਹੈ।